# ਜਗਤ ਗੁਰੂ ਨਾਨਕ ਦੇਵ
# ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

**(Established by Act No.19 of 2019 of Legislature of the State of Punjab)**

Ref.No/ PSOU/ COE/132 Dated: 31/08/2022

ਸਮੂਹ ਪ੍ਰੀਖਿਆ ਕੇਂਦਰ,
ਸਰਕਾਰੀ ਅਤੇ ਏਡਿਡ ਕਾਲਜ,
ਪੰਜਾਬ।

**ਵਿਸ਼ਾ:- ਪ੍ਰੀਖਿਆਵਾਂ ਅਗਸਤ/ਸਤੰਬਰ 2022 (ਥਿਓਰੀ ਅਤੇ ਪ੍ਰੈਕਟੀਕਲ) ਸਬੰਧੀ ਜਰੂਰੀ ਹਦਾਇਤਾਂ।**

ਪ੍ਰੀਖਿਆਵਾਂ ਅਗਸਤ/ਸਤੰਬਰ 2022 (ਥਿਓਰੀ ਅਤੇ ਪ੍ਰੈਕਟੀਕਲ) ਸਬੰਧੀ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

1. ਥਿਓਰੀ ਪ੍ਰੀਖਿਆਵਾਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ ਸਬੰਧਤ ਕਾਲਜ ਵਲੋਂ 05 ਸਤੰਬਰ 2022 ਤੋਂ 30 ਸਤੰਬਰ 2022 ਤੱਕ ਕਰਵਾਇਆ ਜਾਵੇਗਾ, ਜਿਸ ਦੀ ਜਿੰਮੇਵਾਰੀ ਸਬੰਧਤ ਕਾਲਜ ਦੇ ਕੋਆਰਡੀਨੇਟਰ ਦੀ ਹੋਵੇਗੀ।
2. ਯੂਨੀਵਰਸਿਟੀ ਦੁਆਰਾ ਅਗਸਤ 2022 ਦੀਆਂ ਪ੍ਰੀਖਿਆਵਾਂ ਲਈ 55 ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਯੂਨੀਵਰਸਿਟੀ ਵੱਲੋਂ ਪ੍ਰੀਖਿਆਵਾਂ ਨਾਲ ਸੰਬਧਿਤ ਡਿਊਟੀਆਂ ਦੇ ਮਾਣਭੱਤੇ Ref.No./PSOU/COE/82 dated 19-07-2022 ਰਾਹੀ ਜਾਰੀ ਕੀਤੇ ਗਏ ਸਨ, ਜਿਸ ਵਿਚ ਕ੍ਰਮਵਾਰ 2 ਨੰਬਰ ਤੇ ਪ੍ਰੀਖਿਆ ਸੰਬੰਧੀ ਸਟੇਸ਼ਨਰੀ ਵਸਤਾ ਅਤੇ ਫੁੱਟਕਲ ਵਸਤਾ ਸੰਬੰਧੀ ਖਰਚੇ ਦਾ ਵੇਰਵਾ ਦਿੱਤਾ ਗਿਆ ਸੀ। ਹੁਣ ਪ੍ਰੀਖਿਆ ਕੇਂਦਰਾਂ ਨਾਲ ਸੰਬੰਧਿਤ ਹੋਰ ਖਰਚੇ ਜਿਵੇਂ ਕਿ ਉੱਤਰ-ਕਾਪੀਆਂ ਨੂੰ ਲੱਠੇ ਦੇ ਕੱਪੜੇ ਦੇ ਥੈਲੇ (ਬੋਰੇ) ਵਿਚ ਪੈਕ ਕਰਨਾ, ਪ੍ਰਸ਼ਨ ਪੱਤਰਾਂ ਨੂੰ ਪ੍ਰਿੰਟ ਕਰਨਾ (ਜਿਸ ਵਿਚ ਰਿਮ ਦੀ ਵਰਤੋਂ ਅਤੇ ਪ੍ਰਿੰਟਰ ਦੇ ਟੋਨਰ ਦੀ ਵਰਤੋ) ਨੂੰ ਮੁੱਖ ਰੱਖਦੇ ਹੋਏ ਪ੍ਰੀਖਿਆ ਕੇਂਦਰ/ਕਾਲਜਾਂ ਨੂੰ ਹੇਠ ਲਿਖਤ ਵਿਦਿਆਰਥੀਆਂ ਦੀ ਗਿਣਤੀ ਦੇ ਹਿਸਾਬ ਨਾਲ ਪ੍ਰੀਖਿਆ ਕੇਂਦਰਾਂ ਨੂੰ ਮਾਣਭੱਤਾ ਯੂਨੀਵਰਸਿਟੀ ਵਲੋਂ ਦਿੱਤਾ ਜਾਵੇਗਾ:
   - 200 ਵਿਦਿਆਰਥੀਆਂ ਤੱਕ 600/- ਰੁਪਏ
   - 201 ਤੋਂ 400 ਵਿਦਿਆਰਥੀਆਂ ਤੱਕ 1200/- ਰੁਪਏ
   - 401 ਤੋਂ 600 ਵਿਦਿਆਰਥੀਆਂ ਤੱਕ 1800/- ਰੁਪਏ
   - 601 ਤੋਂ 800 ਵਿਦਿਆਰਥੀਆਂ ਤੱਕ 2400/- ਰੁਪਏ

   **ਉਪਰੋਕਤ ਸਬੰਧੀ ਦਸਤਾਵੇਜ਼ (ਪ੍ਰੋਫਾਰਮੇ ਅਤੇ ਬਿੱਲ ਸਹਿਤ) ਪ੍ਰੀਖਿਆ ਕੇਂਦਰਾਂ ਵਲੋਂ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਨੂੰ (ਫਾਈਲ Index ਸਮੇਤ) ਪ੍ਰੀਖਿਆ ਖਤਮ ਹੋਣ ਤੋਂ ਬਾਅਦ ਇੱਕ ਹਫਤੇ ਦੇ ਅੰਦਰ ਜਮ੍ਹਾ ਕਰਵਾਏ ਜਾਣਗੇ।**
3. ਸਾਰੇ ਕਾਲਜ/ਪ੍ਰੀਖਿਆ ਕੇਂਦਰਾਂ ਆਪਣੇ ਸੰਬੰਧਿਤ ਪ੍ਰੀਖਿਆਵਾਂ ਦੇ ਬਿਲ **Soft ਕਾਪੀ ਅਤੇ ਹਾਰਡ ਕਾਪੀ** ਰਾਹੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਨੂੰ ਭੇਜਣਾ ਯਕੀਨੀ ਬਣਾਉਣਗੇ। ਪ੍ਰੀਖਿਆਵਾਂ ਦੇ Conduct ਸਬੰਧੀ ਬਿੱਲ ਅਤੇ ਪ੍ਰੋਫਾਰਮੇ (ਜਿਸ ਵਿੱਚ ਥਿਓਰੀ ਦੀਆਂ ਪ੍ਰੀਖਿਆਵਾਂ) ਦੀਆਂ ਹਾਰਡ ਕਾਪੀਆਂ ਸਬੰਧਤ ਕਾਲਜ ਵਲੋਂ ਯੂਨੀਵਰਸਿਟੀ ਨੂੰ ਭੇਜੀਆਂ ਜਾਣਗੀਆਂ। ਪ੍ਰੈਕਟੀਕਲ ਸਬੰਧੀ ਬਿੱਲ ਅਤੇ ਪ੍ਰੋਫਾਰਮੇ ਆਨਲਾਈਨ ਪੋਰਟਲ ਵਿੱਚ ਹੀ ਜਨਰੇਟ ਹੋਣੇ ਹਨ।
4. **Evaluator** (ਥਿਓਰੀ ਅਤੇ ਪ੍ਰੈਕਟੀਕਲ ਦਾ ਮੁਲਾਂਕਣ ਕਰਨ ਲਈ) ਸਬੰਧੀ ਬਿੱਲ ਆਨਲਾਈਨ ਪੋਰਟਲ ਵਿੱਚ ਹੀ ਜਨਰੇਟ ਹੋਣੇ ਹਨ, ਜਿਸ ਦੀ ਸਾਰੀ information Evaluators ਵਲੋਂ ਆਨਲਾਈਨ ਹੀ ਭਰੀ ਜਾਵੇਗੀ। ਸਾਰੇ **Evaluators** (ਸਬੰਧਤ ਕਾਲਜ ਦੇ) ਆਪਣੇ ਹਾਰਡ ਕਾਪੀ ਬਿੱਲ ਕੋਆਰਡੀਨੇਟਰ ਨੂੰ ਜਮ੍ਹਾ ਕਰਵਾਉਣਗੇ। ਕੋਆਰਡੀਨੇਟਰ ਵਲੋਂ ਮੁਲਾਂਕਣ ਦਾ ਸਮਾਂ ਖਤਮ ਹੋਣ ਤੋਂ ਬਾਅਦ ਇੱਕ ਹਫਤੇ ਦੇ ਅੰਦਰ **Evaluators ਦੇ ਸਾਰੇ ਬਿੱਲਾਂ ਨੂੰ** ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਨੂੰ (ਫਾਈਲ Index ਸਮੇਤ) ਜਮ੍ਹਾ ਕਰਵਾਇਆ ਜਾਵੇਗਾ।

5. ਪ੍ਰੀਖਿਆ ਕੇਂਦਰਾਂ ਵੱਲੋ ਬਿਲਾਂ ਦੀ Soft ਕਾਪੀ (PDF document ਬਣਾ ਕੇ ਸਾਰੇ ਬਿਲਾਂ ਦੇ ਪ੍ਰੋਫਾਰਮਿਆਂ ਨੂੰ ਇੱਕ ਹੀ ਦਸਤਾਵੇਜ ਵਿਚ Merge ਕਰਕੇ) ਯੂਨੀਵਰਸਿਟੀ ਨੂੰ ਪ੍ਰੀਖਿਆ ਖਤਮ ਹੋਣ ਦੇ ਇੱਕ ਹਫਤੇ ਦੇ ਅੰਦਰ ਈਮੇਲ ਆਈ.ਡੀ exam-conduct@psou.ac.in ਤੇ ਸਬੰਧਤ ਕਾਲਜ ਦੇ ਕੋਆਰਡੀਨੇਟਰ ਵਲੋਂ ਭੇਜਣੀ ਜਰੂਰੀ ਹੋਵੇਗੀ।

6. ਪ੍ਰੀਖਿਆ ਕੇਂਦਰਾਂ ਵੱਲੋ ਪ੍ਰੀਖਿਆ ਸਬੰਧੀ ਫਾਈਲ (Index ਸਮੇਤ) ਦੀ ਹਾਰਡ ਕਾਪੀ (ਪ੍ਰੋਫਾਰਮਿਆਂ ਸਹਿਤ, TA ਬਿੱਲ, ਆਦਿ) ਯੂਨੀਵਰਿਸਟੀ ਦੁਆਰਾ ਭੇਜੀ ਗਈ ਟੀਮ ਨੂੰ 03 ਤੋਂ 05 ਅਕਤੂਬਰ 2022 ਦੇ ਵਿਚ ਜਮ੍ਹਾਂ ਕਰਵਾਈ ਜਾਵੇਗੀ ਤਾਂ ਜੋ ਪ੍ਰੀਖਿਆ ਕੇਂਦਰਾਂ ਨੂੰ ਪ੍ਰੀਖਿਆਵਾਂ ਸੰਬੰਧੀ ਪੈਮੇਂਟ ਯੂਨੀਵਰਸਿਟੀ ਵੱਲੋਂ ਕੀਤੀ ਜਾ ਸਕੇ। ਇਸ ਸਬੰਧੀ ਸਾਰੀ ਜਿੰਮੇਵਾਰੀ ਕਾਲਜ ਦੇ ਕੋਆਰਡੀਨੇਟਰ ਅਤੇ ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਦੀ ਹੋਵੇਗੀ।

7. ਉੱਤਰ ਕਾਪੀਆਂ ਦੇ ਮੁੱਲਾਂਕਣ ਲਈ **Evaluators (ਯੂਨੀਵਰਸਿਟੀ/ਕਾਲਜਾਂ ਸੰਬੰਧੀ)** ਨੂੰ ਕਾਲਜਾਂ ਵਲੋਂ ਅਪਰੂਵ ਕੀਤਾ ਜਾਵੇਗਾ, ਜਿਸ ਸਬੰਧੀ ਆਨਲਾਈਨ ਪੋਰਟਰ ਦਾ ਕੰਟਰੋਲ ਕਾਲਜ ਦੇ ਕੋਆਰਡੀਨੇਟਰ ਕੋਲ ਹੋਵੇਗਾ। ਜਿਨ੍ਹਾਂ Evaluators ਨੂੰ ਕਾਲਜਾਂ ਅਤੇ ਯੂਨੀਵਰਸਿਟੀ ਵਲੋਂ ਅਪਰੂਵ ਕੀਤਾ ਜਾਵੇਗਾ, ਉਨ੍ਹਾਂ Evaluators ਤੋਂ ਹੀ ਕਾਲਜਾਂ ਵਲੋਂ ਉੱਤਰ ਕਾਪੀਆਂ ਦਾ ਮੁੱਲਾਂਕਣ ਕਰਵਾਇਆ ਜਾਵੇਗਾ।

8. ਸੰਬੰਧਿਤ ਕਾਲਜਾਂ ਦੇ ਕੋਆਰਡੀਨੇਟਰਾਂ ਵੱਲੋ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਦੇ ਵੈਬਲਿੰਕ **https://exam.psou.ac.in/ExamCenter** ਤੇ Evaluators (ਉੱਤਰ ਕਾਪੀਆਂ ਦੇ ਮੁੱਲਾਂਕਣ ਲਈ) ਸਬੰਧੀ ਸੂਚਨਾਂ **2 ਸਤੰਬਰ 2022** (ਸ਼ੁੱਕਰਵਾਰ) ਤੱਕ ਅਪਲੋਡ ਕਰਵਾਉਣੀ ਜਰੂਰੀ ਹੋਵੇਗੀ। ਜਿਨ੍ਹਾਂ Evaluators ਸੰਬੰਧੀ ਸੂਚਨਾ ਨੂੰ ਪੋਰਟਲ ਵਿਚ ਅਪਲੋਡ ਕੀਤਾ ਜਾਵੇਗਾ, ਉਨ੍ਹਾਂ Evaluators ਤੋਂ ਹੀ ਉੱਤਰ ਕਾਪੀਆਂ ਦਾ ਮੁੱਲਾਂਕਣ ਕਰਵਾਇਆ ਜਾਵੇਗਾ।

9. ਯੂਨੀਵਰਸਿਟੀ ਦੇ ਵਿਦਿਆਰਥੀ (ਜਿਨ੍ਹਾਂ ਦੇ ਬੋਰਿਆਂ ਨੂੰ ਕਾਲਜਾਂ ਵਲੋਂ **U Mark** ਕੀਤਾ ਗਿਆ ਹੈ), ਜੇਲ੍ਹ ਸੈਂਟਰ ਅਤੇ Differently Abled ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ ਯੂਨੀਵਰਸਿਟੀ ਟੀਮਾਂ ਵਲੋਂ 13 ਤੋਂ 14 ਸਤੰਬਰ 2022 ਦੇ ਵਿੱਚ ਯੂਨੀਵਰਸਿਟੀ ਕੈਂਪਸ ਵਿਚ ਲਿਆਦੀਆਂ ਜਾਣਗੀਆਂ। ਸਬੰਧਤ ਕਾਲਜਾਂ ਵਲੋਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ ਸਬੰਧੀ ਪਹਿਲਾਂ ਹੀ ਪੈਕਿੰਗ ਅਤੇ ਤਿਆਰੀ ਕਰਕੇ ਰੱਖੀ ਜਾਵੇ ਤਾਂ ਜੋ ਯੂਨੀਵਰਸਿਟੀ ਟੀਮ ਦੇ ਆਉਣ ਤੇ ਉਨ੍ਹਾਂ ਨੂੰ ਉੱਤਰ-ਕਾਪੀਆਂ ਕਾਲਜਾਂ ਵਲੋਂ ਸੁਚਾਰੂ ਢੰਗ ਨਾਲ Receive ਕਰਵਾਈਆਂ ਜਾਣ। ਇਸ ਸਬੰਧੀ ਯੂਨੀਵਰਸਿਟੀ ਵਿਦਿਆਰਥੀਆਂ ਦੇ ਅੰਕਾਂ (Internal ਅਤੇ External) ਨੂੰ ਆਨਲਾਇਨ ਪੋਰਟਲ ਤੇ ਯੂਨੀਵਰਸਿਟੀ ਵਲੋਂ ਹੀ ਅਪਲੋਡ ਕੀਤਾ ਜਾਵੇਗਾ।

10. ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਸੰਬੰਧੀ issues ਅਤੇ ਉਹਨਾਂ ਦੇ ਸੁਚਾਰੂ ਹੱਲ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਸੰਬੰਧੀ ਐਪਲੀਕੇਸ਼ਨਾਂ ਨੂੰ ਕਾਲਜ ਦੇ ਕੋਆਰਡੀਨੇਟਰ ਵੱਲੋਂ ਹੀ ਪ੍ਰੀਖਿਆ ਸ਼ਾਖਾ ਨੂੰ ਈਮੇਲ coepsou@psou.ac.in ਤੇ ਭੇਜੀਆਂ ਜਾਣਗੀਆਂ। ਇਸ ਸੰਬੰਧੀ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ hand written and duly signed by student ਹੋਣ ਅਤੇ ਸੰਬੰਧਿਤ ਦਸਤਾਵੇਜ (As attachment) ਵੀ ਐਪਲੀਕੇਸ਼ਨ ਨਾਲ ਨੱਥੀ ਹੋਣੇ ਜਰੂਰੀ ਹਨ।

11. ਪ੍ਰੈਕਟੀਕਲ ਪ੍ਰੀਖਿਆਵਾਂ ਦੇ ਕੁੱਲ 100 ਅੰਕਾ ਵਿਚੋਂ Internal ਦੇ 30 ਅੰਕ ਅਤੇ External ਦੇ 70 ਅੰਕ ਹਨ । ਇਨ੍ਹਾਂ External 70 ਅੰਕਾਂ ਵਿੱਚੋ – **ਪ੍ਰੈਕਟੀਕਲ ਦੇ 20 ਅੰਕ + Viva-Voce ਦੇ 30 ਅੰਕ + ਲਿਖਤੀ ਦੇ 20 ਅੰਕ** ਹਨ। ਪ੍ਰੀਖਿਆ ਕੇਂਦਰਾਂ ਵਲੋਂ ਯੂਨੀਵਰਸਿਟੀ ਦੁਆਰਾ ਭੇਜੀਆਂ ਗਈਆਂ ਉੱਤਰ ਕਾਪੀਆਂ ਤੇ ਹੀ ਪ੍ਰੈਕਟੀਕਲ ਸੰਬੰਧੀ ਲਿਖਤੀ ਪ੍ਰੀਖਿਆ ਕਰਵਾਈ ਜਾਵੇਗੀ ।

12. ਜਨਵਰੀ 2021 cycle ਅਤੇ ਜੁਲਾਈ 2021 cycle ਦੇ ਹਰ ਵਿਦਿਆਰਥੀ ਨੂੰ Theory ਅਤੇ ਪ੍ਰੈਕਟੀਕਲ ਪ੍ਰੀਖਿਆ ਦੋਹਾਂ ਵਿਚ ਪਾਸ ਹੋਣ ਲਈ External ਵਿਚੋ ਵੀ ਘੱਟੋ-ਘੱਟ 30% ਅੰਕ ਅਤੇ Internal ਵਿਚੋ ਵੀ ਘੱਟੋ-ਘੱਟ 30% ਅੰਕ ਲੈਣੇ ਜਰੂਰੀ ਹਨ । ਕਿਸੇ ਵੀ ਵਿਸ਼ੇ ਵਿਚ ਪਾਸ ਹੋਣ ਲਈ ਵਿਦਿਆਰਥੀ ਨੂੰ ਓਵਰਆਲ (Total marks) 35% ਅੰਕ ਵਜੋਂ ਲੈਣੇ ਜਰੂਰੀ ਹੋਣਗੇ।

13. ਸਮੂਹ ਪ੍ਰੀਖਿਆ ਕੇਂਦਰਾਂ ਦੇ ਕੋਆਰਡੀਨੇਟਰ ਅਤੇ ਚੀਫ ਕੋਆਰਡੀਨੇਟਰਾਂ/ਪ੍ਰਿੰਸੀਪਲਾਂ ਵਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ Evaluation Centre ਵਿੱਚ ਸਕਿਓਰਟੀ ਦਾ ਖਾਸ ਪ੍ਰਬੰਧ ਕੀਤਾ ਜਾਵੇ, ਜਿਥੇ ਉੱਤਰ-ਕਾਪੀਆਂ ਦੀ ਮਾਰਕਿੰਗ ਅਤੇ ਮੁਲਾਂਕਣ ਦਾ ਕੰਮ ਹੋਣਾ ਹੈ। Visitor Register ਵੀ ਲਗਾਇਆ ਜਾਵੇ ਜਿਸ ਵਿੱਚ ਆਉਣ-ਜਾਣ ਵਾਲੇ ਹਰੇਕ ਵਿਅਕਤੀ ਦਾ ਰਿਕਾਰਡ ਦਰਜ਼ ਹੋਵੇ।

14. ਪ੍ਰੈਕਟੀਕਲ ਪ੍ਰੀਖਿਆਵਾਂ ਦੇ ਮੁੱਲਾਂਕਣ ਲਈ External Examiner ਸੰਬੰਧੀ ਸੂਚਨਾ (ਜਿਸ ਵਿਚ Bank detail ਦੀ ਸੂਚਨਾ,ਆਦਿ ਭਰੀ ਜਾਣੀ ਹੈ) ਸੰਬੰਧਿਤ ਕਾਲਜਾਂ ਦੇ ਕੋਆਰਡੀਨੇਟਰਾਂ ਵੱਲੋ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਦੇ ਵੈਬਲਿੰਕ

https://exam.psou.ac.in/ExamCenter ਤੇ 2 ਸਤੰਬਰ 2022 ਤੱਕ ਅਪਲੋਡ ਕਰਵਾਉਣੀ ਜਰੂਰੀ ਹੋਵੇਗੀ। ਜਿਨ੍ਹਾਂ External Examiners ਸੰਬੰਧੀ ਸੂਚਨਾ ਨੂੰ ਪੋਰਟਲ ਵਿਚ ਅਪਲੋਡ ਕੀਤਾ ਜਾਵੇਗਾ, ਉਨ੍ਹਾਂ External Examiners ਤੋਂ ਹੀ ਪ੍ਰੈਕਟੀਕਲ ਪ੍ਰੀਖਿਆਵਾਂ ਦਾ ਮੁੱਲਾਂਕਣ ਕਰਵਾਇਆ ਜਾਵੇਗਾ।

15. ਸਬੰਧਤ ਕਾਲਜਾਂ ਦੇ ਕੋਆਰਡੀਨੇਟਰ/ਪ੍ਰਿੰਸੀਪਲ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ **Evaluator** (ਉੱਤਰ ਕਾਪੀਆਂ ਦੇ ਮੁੱਲਾਂਕਣ ਲਈ) ਦਾ ਸਬੰਧਤ ਵਿਸ਼ੇ ਦਾ ਟੀਚਿੰਗ ਤਜਰਬਾ ਹੋਣਾ ਜਰੂਰੀ ਹੈ ਅਤੇ ਟੀਚਿੰਗ ਫੈਕਲਟੀ ਵਿਚੋਂ ਹੀ Evaluator ਨੂੰ ਲਗਾਇਆ ਜਾਵੇ।

16. ਅਗਸਤ/ਸਤੰਬਰ 2022 ਪ੍ਰੀਖਿਆਵਾਂ ਸੰਬੰਧੀ ਜਰੂਰੀ ਵੇਰਵੇ ਹੇਠ ਲਿਖੇ ਅਨੁਸਾਰ ਹਨ:

| **ਲੜੀ ਨੰ.** | **ਮਿਤੀ** | **ਪ੍ਰੀਖਿਆਵਾਂ ਸੰਬੰਧੀ ਵੇਰਵਾ** | **ਸੰਬੰਧਿਤ** |
|---|---|---|---|
| 1 | 17-08-2022 ਤੋਂ 01-09-2022 | Conduct of Theory Exam | ਯੂਨੀਵਰਸਿਟੀ/ ਕਾਲਜ |
| 2 | 5-09-2022 ਤੋਂ 09-09-2022 | Conduct of Practical Exam, ਕਾਲਜਾਂ ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਵਿਸ਼ੇ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਅਤੇ ਪ੍ਰੈਕਟੀਕਲ ਸੰਬੰਧੀ ਅੰਕਾਂ (Internal ਅਤੇ External) ਨੂੰ ਆਨਲਾਇਨ ਪੋਰਟਲ ਤੇ ਅਪਲੋਡ ਕਰਨ ਸੰਬੰਧੀ | ਯੂਨੀਵਰਸਿਟੀ/ ਕਾਲਜ |
| 3 | 05-09-2022 ਤੋਂ 30-09-2022 | ਕਾਲਜਾਂ ਦੇ ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ (Theory) ਦਾ ਮੁਲਾਂਕਣ ਅਤੇ ਵਿਸ਼ੇ ਸੰਬੰਧੀ ਅੰਕਾਂ (Internal ਅਤੇ External) ਨੂੰ ਆਨਲਾਇਨ ਪੋਰਟਲ ਤੇ ਅਪਲੋਡ ਕਰਨ ਸੰਬੰਧੀ | ਸੰਬੰਧਿਤ ਕਾਲਜ |
| 4 | 13-09-2022 ਤੋਂ 14-09-2022 | ਯੂਨੀਵਰਸਿਟੀ ਦੇ ਵਿਦਿਆਰਥੀਆਂ,ਜੇਲ੍ਹ ਸੈਂਟਰਾਂ ਅਤੇ Differently Abled ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ(ਥਿਓਰੀ), ਬਿੱਲ ਪ੍ਰੋਫਾਰਮੇ ਅਤੇ ਪ੍ਰੀਖਿਆ ਸੰਬੰਧੀ ਸਮਾਨ ਨੂੰ ਵਾਪਸ ਲਿਆਉਣ ਸੰਬੰਧੀ | ਯੂਨੀਵਰਸਿਟੀ |
| 5 | 15-09-2022 ਤੋਂ 23-09-2022 | ਯੂਨੀਵਰਸਿਟੀ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਅਤੇ ਵਿਸ਼ੇ ਸੰਬੰਧੀ ਅੰਕਾਂ (**Theory**- Internal ਅਤੇ External, **Practical** – Internal) ਨੂੰ ਆਨਲਾਇਨ ਪੋਰਟਲ ਤੇ ਅਪਲੋਡ ਕਰਨ ਸੰਬੰਧੀ | ਯੂਨੀਵਰਸਿਟੀ |
| 6 | 30-09-2022 | ਯੂਨੀਵਰਸਿਟੀ ਦੇ ਵਿਦਿਆਰਥੀਆਂ,ਜੇਲ੍ਹ ਸੈਂਟਰਾਂ ਅਤੇ Differently Abled ਵਿਦਿਆਰਥੀਆਂ ਦਾ ਰਿਜ਼ਲਟ ਘੋਸ਼ਿਤ ਕਰਨਾ ਅਤੇ ਵੈਬਸਾਈਟ ਤੇ ਅਪਲੋਡ ਕਰਨ ਸੰਬੰਧੀ | ਯੂਨੀਵਰਸਿਟੀ |
| 7 | 03-10-2022 ਤੋਂ 05-10-2022 | ਕਾਲਜਾਂ ਦੇ ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ (Theory & Practical), ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ (ਪ੍ਰੈਕਟੀਕਲ), ਬਿੱਲ ਪ੍ਰੋਫਾਰਮੇ ਅਤੇ ਪ੍ਰੀਖਿਆ ਸੰਬੰਧੀ ਸਮਾਨ ਨੂੰ ਵਾਪਸ ਲਿਆਉਣ ਸੰਬੰਧੀ | ਸੰਬੰਧਿਤ ਕਾਲਜ |
| 8 | 13-10-2022 | ਕਾਲਜਾਂ ਦੇ ਵਿਦਿਆਰਥੀਆਂ ਦਾ ਰਿਜ਼ਲਟ ਘੋਸ਼ਿਤ ਕਰਨਾ ਅਤੇ ਵੈਬਸਾਈਟ ਤੇ ਅਪਲੋਡ ਕਰਨ ਸੰਬੰਧੀ | ਸੰਬੰਧਿਤ ਕਾਲਜ |

Sd/-

**ਕੰਟਰੋਲਰ ਪ੍ਰੀਖਿਆਵਾਂ**

**ਕਾਪੀ (ਕਾਰਵਾਈ ਹਿੱਤ):-**

1. ਪ੍ਰੋਗਰਾਮਰ (ਜ.) - ਈ.ਮੇਲ ਅਤੇ Whatsapp ਕਰਨ ਸਬੰਧੀ।